ਅਜੀਤ

ਵਿਚਾਰ-ਪ੍ਰਵਾਹ

*ਖਾਣ-ਪੀਣ ਦਾ ਨਾਂਅ ਜ਼ਿੰਦਗੀ ਨਹੀਂ, ਜੀਵਨ ਨਾਂਅ ਹੈ ਸਦਾ ਅੱਗੇ ਵਧਦੇ ਰਹਿਣ ਦੀ ਲਗਨ ਦਾ। —ਮੁਨਸ਼ੀ ਪ੍ਰੇਮਚੰਦ*

# ਦੀਵਾਲੀ ਦੇ ਨਾਲ ਜ਼ਰੂਰੀ ਹੈ ਸਾਵਧਾਨੀ

ਦੀਵਾਲੀ ਦੇ ਸ਼ੁੱਭ ਦਿਨ ਦੀ ਮੁਬਾਰਕ!

ਅਜਿਹੇ ਵੱਡੇ ਤਿਉਹਾਰਾਂ 'ਤੇ ਕਈ ਸਵਾਲ ਉੱਠਣੇ ਕੁਦਰਤੀ ਹਨ। ਇਨ੍ਹਾਂ ਦੀ ਸਰਗਰਮੀ ਨਾਲ ਪੈਂਦੇ ਪ੍ਰਭਾਵਾਂ ਨੂੰ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਦੀਵਾਲੀ ਦੇ ਮੌਕੇ 'ਤੇ ਪਿਛਲੇ ਲੰਮੇ ਸਮੇਂ ਤੋਂ ਦੋ ਨਾਂਹ-ਪੱਖੀ ਗੱਲਾਂ ਉਜਾਗਰ ਹੁੰਦੀਆਂ ਆਈਆਂ ਹਨ, ਜਿਨ੍ਹਾਂ ਦਾ ਹੱਲ ਕੱਢਿਆ ਜਾਣਾ ਬਾਕੀ ਹੈ। ਪਹਿਲੀ ਹੈ ਫੈਲਦੇ ਪ੍ਰਦੂਸ਼ਣ ਦੀ। ਇਹ ਵਧੀਆ ਗੱਲ ਹੈ ਕਿ ਦੇਸ਼ ਭਰ ਵਿਚ ਬਹੁਤ ਸਾਰੇ ਵਿਦਿਅਕ ਅਦਾਰਿਆਂ ਵਿਚ ਇਸ ਗੱਲ ਦਾ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ ਕਿ ਪ੍ਰਦੂਸ਼ਣ ਅਤੇ ਸ਼ੋਰ-ਸ਼ਰਾਬੇ ਦੀ ਥਾਂ 'ਤੇ ਹਰੀ ਅਤੇ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਈ ਜਾਣੀ ਚਾਹੀਦੀ ਹੈ। ਦੀਵਾਲੀ ਨੂੰ ਖੁਸ਼ੀਆਂ, ਖੇੜਿਆਂ ਦਾ ਤਿਉਹਾਰ ਮੰਨਿਆ ਜਾਂਦਾ ਹੈ। ਪ੍ਰਦੂਸ਼ਣ ਫੈਲਾਉਣ ਤੋਂ ਬਗੈਰ ਵੀ ਪੂਰੇ ਜੋਸ਼ੋ-ਖਰੋਸ਼ ਨਾਲ ਖੁਸ਼ੀਆਂ ਦਾ ਇਜ਼ਹਾਰ ਕੀਤਾ ਜਾ ਸਕਦਾ ਹੈ।

ਇਸ ਵਾਰ ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਸੂਬੇ ਵਿਚ 500 ਕਰੋੜ ਦੇ ਲਗਪਗ ਪਟਾਕਿਆਂ ਦੀ ਵਿਕਰੀ ਹੋਵੇਗੀ। ਪਿਛਲੇ ਸਾਲ ਦੀਵਾਲੀ ਦੇ ਦਿਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ 5 ਵੱਡੇ ਸ਼ਹਿਰਾਂ ਦਾ ਪ੍ਰਦੂਸ਼ਣ ਸਬੰਧੀ ਸਰਵੇਖਣ ਕਰਵਾਇਆ ਗਿਆ ਸੀ। ਇਨ੍ਹਾਂ ਵਿਚ ਅੰਮ੍ਰਿਤਸਰ, ਮੰਡੀ ਗੋਬਿੰਦਗੜ੍ਹ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਸ਼ਾਮਿਲ ਸਨ। ਉਸ ਦਿਨ ਪ੍ਰਦੂਸ਼ਣ ਤਾਂ ਸਾਰੇ ਸ਼ਹਿਰਾਂ ਵਿਚ ਫੈਲਿਆ ਹੋਇਆ ਸੀ ਪਰ ਇਸ ਮਾਮਲੇ ਵਿਚ ਅੰਮ੍ਰਿਤਸਰ ਪਹਿਲੇ ਨੰਬਰ 'ਤੇ ਅਤੇ ਜਲੰਧਰ ਦੂਸਰੇ ਨੰਬਰ 'ਤੇ ਰਿਹਾ। ਪਟਾਕਿਆਂ, ਬੰਬਾਂ ਅਤੇ ਹੋਰ ਬਾਰੂਦੀ ਸਮਾਨ ਨਾਲ ਫੈਲਦਾ ਪ੍ਰਦੂਸ਼ਣ ਹਵਾ ਨੂੰ ਤਾਂ ਜ਼ਹਿਰੀਲਾ ਕਰਦਾ ਹੀ ਹੈ, ਇਸ ਦੇ ਨਾਲ ਆਵਾਜ਼ ਦਾ ਪ੍ਰਦੂਸ਼ਣ ਵੀ ਸਮੁੱਚੇ ਵਾਤਾਵਰਨ ਵਿਚ ਫੈਲ ਜਾਂਦਾ ਹੈ, ਜੋ ਮਨੁੱਖੀ ਸਿਹਤ 'ਤੇ ਵੀ ਵੱਡਾ ਅਸਰ ਪਾਉਂਦਾ ਹੈ। ਅੱਜ ਅਨੇਕਾਂ ਤਰ੍ਹਾਂ ਦੀਆਂ ਬਿਮਾਰੀਆਂ ਪ੍ਰਦੂਸ਼ਣ ਨਾਲ ਫੈਲੀਆਂ ਹੋਈਆਂ ਹਨ। ਇਨ੍ਹਾਂ ਵਿਚ ਸਾਹ ਦੀ ਬਿਮਾਰੀ ਸਭ ਤੋਂ ਉੱਪਰ ਹੈ। ਦੂਸਰੀ ਸਮੱਸਿਆ ਮਿਲਾਵਟਖੋਰੀ ਦੀ ਹੈ। ਚਾਹੇ ਦੇਸ਼ ਪਿਛਲੇ ਲੰਮੇ ਸਮੇਂ ਤੋਂ ਮਿਲਾਵਟਖੋਰੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਪਰ ਇਸ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ। ਵੱਡੀਆਂ ਕੰਪਨੀਆਂ ਦੇ ਨਾਂਅ 'ਤੇ ਨਕਲੀ ਬ੍ਰਾਂਡ ਨਿਕਲਦੇ ਹਨ। ਹਲਦੀ, ਦੁੱਧ ਅਤੇ ਇਸ ਤੋਂ ਬਣੀਆਂ ਚੀਜ਼ਾਂ ਅਤੇ ਹੋਰ ਖੁਰਾਕੀ ਪਦਾਰਥਾਂ ਵਿਚ ਤਾਂ ਵੱਡੀ ਮਿਲਾਵਟਖੋਰੀ ਕੀਤੀ ਜਾਂਦੀ ਹੈ, ਜੋ ਲੋਕਾਂ ਦੀ ਸਿਹਤ ਨਾਲ ਵੱਡਾ ਖਿਲਵਾੜ ਹੈ ਪਰ ਤਿਉਹਾਰਾਂ ਦੇ ਦਿਨਾਂ 'ਤੇ ਖ਼ਾਸ ਕਰਕੇ ਦੀਵਾਲੀ ਦੇ ਮੌਕੇ 'ਤੇ ਕਿਉਂਕਿ ਖਾਣ-ਪੀਣ ਦੀਆਂ ਚੀਜ਼ਾਂ ਦੀ ਮੰਗ ਬਹੁਤ ਵਧ ਜਾਂਦੀ ਹੈ, ਇਸ ਲਈ ਮਿਲਾਵਟਖੋਰ ਆਪਣਾ ਪੂਰਾ ਦਾਅ ਲਾ ਕੇ ਨਕਲੀ ਚੀਜ਼ਾਂ ਬਣਾਉਂਦੇ ਹਨ ਅਤੇ ਲੋਕਾਂ ਦੀ ਮਾਸੂਮੀਅਤ ਅਤੇ ਅਨਜਾਣਤਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਯਤਨ ਕਰਦੇ ਹਨ। ਇਸ ਸਬੰਧੀ ਫੂਡ ਸੇਫਟੀ ਅਤੇ ਸਟੈਂਡਰਡਜ਼ ਐਕਟ 2011 ਬਣਾਇਆ ਗਿਆ। ਇਸ ਤੋਂ ਪਹਿਲਾਂ ਤਾਂ ਮਿਲਾਵਟਖੋਰੀ ਲਈ ਸਜ਼ਾਵਾਂ ਬਹੁਤ ਹੀ ਘੱਟ ਸਨ। ਵੱਧ ਤੋਂ ਵੱਧ 6 ਮਹੀਨੇ ਦੀ ਸਜ਼ਾ ਅਤੇ ਇਕ ਹਜ਼ਾਰ ਰੁਪਏ ਦੇ ਜੁਰਮਾਨੇ ਨਾਲ ਕੰਮ ਸਰ ਜਾਂਦਾ ਸੀ। ਇਸ ਨਾਲ ਮਿਲਾਵਟਖੋਰਾਂ ਦੇ ਹੌਸਲੇ ਹੋਰ ਵਧ ਗਏ। ਹੁਣ ਕਾਨੂੰਨ ਬਣਨ ਤੋਂ ਬਾਅਦ ਸਜ਼ਾਵਾਂ ਨੂੰ ਵਧਾਇਆ ਗਿਆ ਹੈ। ਮਿਲਾਵਟਖੋਰੀ ਲਈ 7 ਸਾਲ ਦੀ ਸਜ਼ਾ ਅਤੇ 12 ਲੱਖ ਰੁਪਏ ਤੱਕ ਦਾ ਜੁਰਮਾਨਾ ਨਿਸਚਤ ਕੀਤਾ ਗਿਆ ਹੈ। ਪਰ ਜੇਕਰ ਹੁਣ ਤੱਕ ਵੀ ਅਜਿਹਾ ਨਾਂਹ-ਪੱਖੀ ਪ੍ਰਚਲਨ ਜਾਰੀ ਹੈ, ਤਾਂ ਇਸ ਵਿਚ ਕਸੂਰ ਅਸੀਂ ਸਰਕਾਰ ਦੇ ਸਿਹਤ ਵਿਭਾਗ ਦਾ ਮੰਨਦੇ ਹਾਂ, ਜਿਸ ਦੀ ਢਿੱਲੀ ਕਾਰਵਾਈ ਕਰਕੇ ਅਜਿਹਾ ਸਖ਼ਤ ਕਾਨੂੰਨ ਬਣਨ ਤੋਂ ਬਾਅਦ ਵੀ ਸਥਿਤੀ ਵਿਚ ਬਹੁਤਾ ਵੱਡਾ ਸੁਧਾਰ ਨਹੀਂ ਹੋਇਆ। ਮਿਸਾਲ ਦੇ ਤੌਰ 'ਤੇ ਸਾਲ 2012 ਵਿਚ ਸੈਂਕੜੇ ਹੀ ਅਜਿਹੇ ਮਿਲਾਵਟਖੋਰੀ ਦੇ ਕੇਸ ਫੜੇ ਗਏ ਪਰ ਉਨ੍ਹਾਂ ਦਾ ਕੀ ਨਤੀਜਾ ਨਿਕਲਿਆ, ਇਸ ਦਾ ਕਿਸੇ ਨੂੰ ਕੁਝ ਪਤਾ ਨਹੀਂ। ਸਾਡੀ ਸੂਚਨਾ ਅਨੁਸਾਰ ਇਨ੍ਹਾਂ ਕੇਸਾਂ ਵਿਚੋਂ ਕਿਸੇ ਨੂੰ ਵੀ ਸਖ਼ਤ ਜਾਂ ਵੱਡੀ ਸਜ਼ਾ ਨਹੀਂ ਦਿੱਤੀ ਗਈ। ਕਾਨੂੰਨ ਵਿਚ ਤਾਂ ਇਹ ਵੀ ਕਿਹਾ ਗਿਆ ਹੈ ਕਿ ਫੜੇ ਗਏ ਨਮੂਨਿਆਂ ਸਬੰਧੀ ਜਾਂਚ 14 ਦਿਨਾਂ ਦੇ ਵਿਚ-ਵਿਚ ਸਾਹਮਣੇ ਆਉਣੀ ਚਾਹੀਦੀ ਹੈ। ਉਸ ਤੋਂ ਬਾਅਦ ਵਿਭਾਗ ਕਾਰਵਾਈ ਕਰਦਾ ਹੈ ਪਰ ਇਹ ਰਿਪੋਰਟ ਕਿੰਨੀ ਦੇਰ ਬਾਅਦ ਆਉਂਦੀ ਹੈ ਅਤੇ ਵਿਭਾਗ ਕੀ ਕਾਰਵਾਈ ਕਰਦਾ ਹੈ, ਇਸ ਸਬੰਧੀ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਮਾਮਲੇ ਵਿਚ ਉੱਨਤ ਦੇਸ਼ਾਂ ਨੇ ਵੱਡੀਆਂ ਪ੍ਰਾਪਤੀਆਂ ਕਰ ਲਈਆਂ ਹਨ। ਉਥੇ ਕਿਸੇ ਵੀ ਥਾਂ 'ਤੇ ਤੁਹਾਨੂੰ ਮਿਲਾਵਟਖੋਰੀ ਦਾ ਅੰਦੇਸ਼ਾ ਨਹੀਂ ਹੁੰਦਾ। ਖਾਣ-ਪੀਣ ਦੀਆਂ ਚੀਜ਼ਾਂ ਸਬੰਧੀ ਵੱਧ ਤੋਂ ਵੱਧ ਪਾਰਦਰਸ਼ਤਾ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ। ਇਥੋਂ ਤੱਕ ਕਿ ਕਿਸੇ ਵੀ ਤਿਆਰ ਕੀਤੀ ਗਈ ਚੀਜ਼ ਦੇ ਉੱਪਰ ਉਨ੍ਹਾਂ ਸਾਰੇ ਤੱਤਾਂ ਦਾ ਪੂਰਾ ਵੇਰਵਾ ਦਿੱਤਾ ਹੁੰਦਾ ਹੈ, ਜਿਹੜੇ ਤਿਆਰ ਕਰਦਿਆਂ ਉਸ ਵਿਚ ਮਿਲਾਏ ਗਏ ਹੁੰਦੇ ਹਨ। ਇਸ ਵੇਰਵੇ ਤੋਂ ਕਿਸੇ ਨੂੰ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਹੁੰਦੀ। ਅਜਿਹਾ ਇਸ ਲਈ ਸੰਭਵ ਹੋ ਸਕਿਆ ਹੈ ਕਿਉਂਕਿ ਇਨ੍ਹਾਂ ਦੇਸ਼ਾਂ ਵਿਚ ਮਿਲਾਵਟਖੋਰੀ ਸਬੰਧੀ ਬਣਾਏ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਹੁੰਦੀ ਹੈ ਅਤੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾਵਾਂ ਦੇ ਭਾਗੀ ਬਣਾਇਆ ਜਾਂਦਾ ਹੈ।

ਭਾਰਤ ਤਿਉਹਾਰਾਂ ਅਤੇ ਮੇਲਿਆਂ ਦਾ ਦੇਸ਼ ਹੈ। ਆਮ ਲੋਕ ਖਾਣ-ਪੀਣ ਤੇ ਪਹਿਨਣ ਦੀਆਂ ਰੀਝਾਂ ਇਨ੍ਹਾਂ ਮੌਕਿਆਂ 'ਤੇ ਹੀ ਪੂਰੀਆਂ ਕਰਦੇ ਹਨ। ਇਸ ਲਈ ਦੇਸ਼ ਵਿਚ ਅਜਿਹੇ ਕਾਨੂੰਨਾਂ ਦੀ ਹੋਰ ਵੀ ਸਖ਼ਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਧਨ ਦੇ ਲਾਲਚੀ ਲੋਕ ਆਮ ਲੋਕਾਂ ਦੀ ਸਿਹਤ ਨਾਲ ਨਾ ਖੇਡ ਸਕਣ। ਅਸੀਂ ਇਹ ਗੱਲ ਯਕੀਨ ਨਾਲ ਆਖ ਸਕਦੇ ਹਾਂ ਕਿ ਜੇਕਰ ਪਹਿਲਾਂ ਹੀ ਬਣੇ ਕਾਨੂੰਨਾਂ ਦੀ ਸਹੀ ਪਾਲਣਾ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸਹੀ ਢੰਗ ਨਾਲ ਲਾਗੂ ਕਰਵਾਇਆ ਜਾਏ ਤਾਂ ਸਮੁੱਚੀ ਸਥਿਤੀ ਵਿਚ ਵੱਡਾ ਸੁਧਾਰ ਆ ਸਕਦਾ ਹੈ। ਅਜਿਹਾ ਅਮਲ ਸਮਾਜ ਅਤੇ ਲੋਕਾਂ ਲਈ ਵਰਦਾਨ ਸਾਬਤ ਹੋ ਸਕਦਾ ਹੈ।

**—ਬਰਜਿੰਦਰ ਸਿੰਘ ਹਮਦਰਦ**